ਦਫ਼ਤਰ ਜ਼ਿਲ੍ਹਾ ਚੋਣ ਅਫਸਰ, ਬਠਿੰਡਾ

*OFFICE OF DISTRICT ELECTION OFFICER, BATHINDA*

*(Room No. 303, 2nd Floor Mini Secretariat)*

*Phone No. 0164-2211022 E-mail :-etbtd@punjab.gov.in*


PUNJAB VOTES

ਵੱਲ

ਸਮੂਹ ਰਿਵਾਈਜਿੰਗ ਅਥਾਰਟੀ
ਜਿਲ੍ਹਾ ਬਠਿੰਡਾ।

ਪੱਤਰ ਨੰ. ਚੋਣ-2023/ 9028-33
ਮਿਤੀ 08 ਨਵੰਬਰ,2023

ਵਿਸ਼ਾ:- **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਨਵੇਂ ਬੋਰਡ ਦੇ ਗਠਨ ਲਈ ਵੋਟਰ ਸੂਚੀਆਂ ਦੀ ਤਿਆਰੀ ਲਈ ਬੀ.ਐਲ.ਓਜ਼ ਵੱਲੋ ਸ਼ਪੈਸ਼ਲ ਕੈਂਪ ਲਗਾਉਣ ਬਾਰੇ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਲਈ ਤਿਆਰ ਕਰਨ ਲਈ ਫਾਰਮ ਮਿਤੀ 21-10-2023 ਤੋਂ ਪ੍ਰਾਪਤ ਕੀਤੇ ਜਾ ਰਹੇ ਹਨ। ਜ਼ਿਲ੍ਹਾ ਬਠਿੰਡਾ ਵਿੱਚ ਪੈਂਦੇ ਸਮੂਹ ਬੋਰਡ ਚੋਣ ਹਲਕਿਆਂ ਵਿੱਚ ਮਿਤੀ 03-11-2023 ਤੱਕ ਸਿਰਫ 2261 ਫਾਰਮ ਹੀ ਪ੍ਰਾਪਤ ਹੋਏ ਹਨ। ਜਿਸ ਤੋਂ ਲਗਦਾ ਹੈ ਕਿ ਆਮ ਜਨਤਾ ਨੂੰ ਜਾਗਰੂਕ ਕਰਨ ਦੀ ਲੋੜ ਹੈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਮੂਹ ਰਿਵਾਈਜਿੰਗ ਅਥਾਰਿਟੀਜ਼ ਵੱਲੋ ਆਪਣੇ ਬੋਰਡ ਚੋਣ ਹਲਕੇ ਅਧੀਨ ਆਉਂਦੇ ਪਿੰਡਾਂ/ਸ਼ਹਿਰਾ ਵਿੱਚ ਯੋਗ ਵਿਆਕਤੀਆਂ ਦੀ ਰਜਿਸਟਰੇਸ਼ਨ ਲਈ ਸਪੈਸ਼ਲ ਕੈਂਪ ਮਿਤੀ 10 ਨਵੰਬਰ, 2023 (ਦਿਨ ਸ਼ੁਕਰਵਾਰ) ਨੂੰ 9:00 ਤੋਂ 5:00 ਵਜੇ ਤੱਕ ਹਰੇਕ ਪੋਲਿੰਗ ਸਟੇਸ਼ਨ ਤੇ ਬੀ.ਐਲ. ਓਜ਼ ਵੱਲੋ ਪਟਵਾਰੀਆਂ ਅਤੇ ਨਗਰ ਨਿਗਮ/ਨਗਰ ਕੌਂਸਲ ਦੇ ਕਰਮਚਾਰੀਆ ਦੇ ਸਹਿਯੋਗ ਲਈ ਲਗਾਇਆ ਜਾਵੇ ਅਤੇ ਕੈਂਪ ਦੌਰਾਨ ਪ੍ਰਾਪਤ ਹੋਏ ਫਾਰਮਾ ਲਈ ਪਿੰਡਾਂ ਵਿੱਚ ਸਬੰਧਤ ਪਟਵਾਰੀਆ ਅਤੇ ਸ਼ਹਿਰਾ ਵਿੱਚ ਨਗਰ ਨਿਗਰ/ਨਗਰ ਕੌਂਸਲ ਦੇ ਕਰਮਾਰੀਆ ਨਾਲ ਤਾਲਮੇਲ ਕਰਕੇ ਉਹਨਾ ਨੂੰ ਫਾਰਮ ਸਪੁਰਦ ਕਰ ਦਿੱਤੇ ਜਾਣ। ਇੱਥੇ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਕਿਸੇ ਵੀ ਵਿਅਕਤੀ ਪਾਸੋ ਬੰਡਲ ਦੇ ਰੂਪ ਵਿੱਚ ਫਾਰਮ ਪ੍ਰਾਪਤ ਨਾ ਕੀਤੇ ਜਾਣ। ਸ਼ਪੈਸ਼ਲ ਕੈਂਪ ਦੇ ਸ਼ਡਿਊਲ ਅਤੇ ਸਥਾਨ ਬਾਰੇ ਪਿੰਡਾਂ/ਸ਼ਹਿਰਾ ਵਿੱਚ ਮੁਸਤਰੀ/ਮੁਨਾਦੀ ਕਾਰਵਾਈ ਜਾਵੇ ਅਤੇ ਉਘੀਆ ਅਖਬਾਰਾਂ ਵਿੱਚ ਪ੍ਰੈਸ ਨੋਟ ਲਗਵਾਏ ਜਾਣ ਤਾਂ ਜੋ ਹਰੇਕ ਯੋਗ ਵੋਟਰ ਆਪਣੀ ਰਜਿਸਟਰੇਸ਼ਨ ਕਰਵਾ ਸਕੇ। ਸ਼ਪੈਸ਼ਲ ਕੈਂਪ ਦੌਰਾਨ ਪ੍ਰਾਪਤ ਹੋਏ ਫਾਰਮਾ ਦੀ ਰਿਪੋਰਟ ਇਸ ਦਫ਼ਤਰ ਪਾਸ ਭੇਜ ਦਿੱਤੀ ਜਾਵੇ।

ਡਿਪਟੀ ਕਮਿਸ਼ਨਰ
ਬਠਿੰਡਾ।



---

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ ) ਬਠਿੰਡਾ**

**ਪਿਠ ਅੰਕਣ ਨੰ: ਜੀ-4/1 ( )2023/** 5039 **ਮਿਤੀ: 10/11/2023**

**ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਤੇਜਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਬੀ.ਐੱਲ.ਓ ਨੂੰ ਲਗਾਈ ਗਈ ਡਿਊਟੀ ਲਈ ਪਾਬੰਦ ਕੀਤਾ ਜਾਵੇ ।**

10/11/23

**ਜਿਲ੍ਹਾ ਸਿੱਖਿਆ ਅਫਸਰ(ਸੈ:ਸਿ.)**
**ਬਠਿੰਡਾ ।**